# ਬੰਦ ਤਾਕੀਆਂ

ਸਿਨੇਮਾਂ ਵੇਖ ਕੇ ਘਰ ਆਉਂਦਿਆਂ ਰਾਹ ਵਿਚ ਉਹ ਆਪਣੀ ਵਾਕਿਫ ਕੁੜੀ ਦੇ ਕਮਰੇ ਦੀ ਬਾਰੀ ਅਗੇ ਖਲੋ ਗਿਆ। ਕੁੜੀ ਅੰਦਰ ਕੁਰਸੀ ਤੇ ਬੈਠੀ ਬਿਜਲੀ ਦੇ ਚਾਨਣੇ ਪੜ੍ਹ ਰਹੀ ਸੀ। ਉਹਨਾਂ ਦੀ ਪਿਛਲੀ ਗੱਲ ਬਾਤ ਵਿਚ ਨਿਮ੍ਹੇ ਨਿਮ੍ਹੇ ਪਿਆਰ ਦਾ ਝੌਲਾ ਪੈ ਸਕਦਾ ਸੀ। ਕੁਝ ਵਰ੍ਹੇ ਪਹਿਲਾਂ ਜਦੋਂ ਉਹ ਲੁਕਣ ਮੀਟੀ ਖੇਡਦੇ ਹੁੰਦੇ ਸਨ ਤਾਂ ਉਹ ਕੁੜੀ ਸਦਾ ਉਸੇ ਕੋਲ ਹੀ ਆ ਕੇ ਲੁਕਦੀ ਤੇ ਜਦੋਂ ਉਸਦੇ ਸਿਰ ਮੀਟੀ ਆਉਂਦੀ ਤਾਂ ਵੀ ਉਹ ਉਸੇ ਨੂੰ ਹੀ ਲੱਭਣ ਦਾ ਚਾਰਾ ਕਰਦੀ। ਜਿਨੀ ਵੇਰ ਉਹ ਉਹਨਾਂ ਦੇ ਘਰ ਆਉਂਦੀ ਕਵਲ ਕਤਾਬਾਂ ਮੰਗਣ ਹੀ ਨਹੀਂ ਸੀ ਆਉਂਦੀ। ਵਡੀਆਂ ਜਮਾਤਾਂ ਦੀਆਂ ਹਿੰਦ ਇਤਹਾਸ ਦੀਆਂ ਕਤਾਬਾਂ ਭਾਵੇਂ ਉਹਨਾਂ ਬਾਦਸ਼ਾਹਾਂ ਬਾਰੇ ਹੀ ਸਨ ਜਿਨ੍ਹਾਂ ਬਾਰੇ ਨਿਕੀਆਂ ਜਮਾਤਾਂ ਦੀਆਂ,ਪਰ ਉਸ ਨੇ ਔਖੀਆਂ ਔਖੀਆਂ ਕਤਾਬਾਂ ਪੜ੍ਹ ਕੇ ਕੀ ਕਰਨੀਆਂ ਸਨ ? ਇਸੇ ਕਰਕੇ ਹੀ ਕਮਰੇ ਦੀ ਇਕ ਕੰਧ ਤ ਉਸ ਪਿਨਸਲ ਨਾਲ ਉਸ ਦੇ ਆਉਣ ਦੀਆਂ ਸਾਰੀਆਂ ਤ੍ਰੀਕਾਂ ਲਿਖੀਆਂ ਹੋਈਆਂ ਸਨ ਤੇ ਜਦੋਂ ਉਸ ਦੇ ਫੇਰੇ ਉਸ ਦੀ ਇਛਾ ਤੋਂ ਘਟਣ ਲੱਗਦੇ ਤਾਂ ਉਹ ਹੱਸਦਾ ਉਸ ਨੂੰ ਉਹ ਤ੍ਰੀਕਾਂ ਵਖਾ ਦਿੰਦਾ ਸੀ। ਸਕੂਲ ਦੇ ਰੋਟੀ ਪਕਾਣ ਦੇ ਇਮਤਹਾਨ ਦੀ ਤਿਆਰੀ ਉਹ ਉਨ੍ਹਾਂ ਦੇ ਘਰ ਆ ਕੇ ਹੀ ਕਰਦੀ।

ਤੇ ਦੋਵੇਂ ਰਲ ਮਿਲਕੇ ਸਮੋਸੇ ਕਢਦੇ, ਪੂਰੀਆਂ ਬਣਾਦੇ ਤੇ ਫਿਰ ਆਪੇ ਹੀ ਖਾ ਜਾਂਦੇ।

ਕਿਤਾਬ ਤੋਂ ਅੱਖ ਚੁਕ ਕੇ ਕੁੜੀ ਨੇ ਉਸ ਵਲ ਵੇਖਿਆ ਤੇ ਫਿਰ ਬਿਨਾਂ ਬੋਲੇ ਕਿਤਾਬ ਤੇ ਅੱਖਾਂ ਗੱਡ ਦਿਤੀਆਂ। ਘਰ ਵਾਲੇ ਬਾਕੀ ਸਾਰੇ ਸੁਤੇ ਪਏ ਸਨ। ਕੁੜੀ ਨਹੀਂ ਜਾਣਦੀ ਸੀ ਕਿ ਉਹ ਕੀ ਚਾਹੁੰਦਾ ਹੈ ਤੇ ਨਾ ਹੀ ਉਸ ਨੂੰ ਆਪ ਨੂੰ ਪਤਾ ਸੀ ਕਿ ਉਹ ਕਿਉਂ ਉਥੇ ਖੜਾ ਹੋ ਗਿਆ ਸੀ। ਸ਼ਾਇਦ ਕੁੜੀ ਦੇ ਮੁਸਕ੍ਰਾਣ ਨਾਲ ਹੀ ਉਹ ਉਥੋਂ ਟੁਰ ਜਾਂਦਾ ਪਰ ਕੁੜੀ ਤੇ ਇਸ ਤਰ੍ਹਾਂ ਸੀ ਜਿਵੇਂ ਉਸ ਨੇ ਕਦੀ ਉਸ ਨੂੰ ਵੇਖਿਆ ਹੀ ਨਹੀਂ ਹੁੰਦਾ। ਚੋਰੀ ਅਖੀਂ ਕੁੜੀ ਨੇ ਫਿਰ ਉਸ ਵਲ ਵੇਖਿਆ। ਉਹ ਉਥੇ ਅਹਿਲ ਖੜੋਤਾ ਸੀ, ਕੁਝ ਚਿਰ ਪਿਛੋਂ ਕੁੜੀ ਉਠੀ ਤੇ ਸਹਿਜੇ ਸਹਿਜੇ ਉਸ ਬਾਰੀ ਦੀਆਂ ਤਾਕੀਆਂ ਬੰਦ ਕਰ ਦਿਤੀਆਂ। ਉਥੇ ਖੜੇ ਹੋਣ ਦਾ ਹੁਣ ਕੋਈ ਫ਼ਾਇਦਾ ਨਹੀਂ ਸੀ। ਕੁੜੀ ਉਸ ਨੂੰ ਦਿਸਦੀ ਹੀ ਨਹੀਂ ਸੀ, ਨਾ ਹੀ ਉਹ ਉਸ ਨੂੰ ਵੇਖ ਸਕਦੀ ਸੀ। ਹੌਲੇ ਹੌਲੇ ਪੈਰੀਂ ਉਹ ਆਪਣੇ ਘਰ ਟੁਰ ਗਿਆ।

* * *

ਕਿਸੇ ਦੇ ਘਰ ਪ੍ਰਾਹੁਣੇ ਜਾਣਾ ਕਿਡੀ ਚੰਗੀ ਗਲ ਏ। ਸਾਰੇ ਪਿਆਰ ਕਰਦੇ ਨੇ ਤੇ ਨਾਲੇ ਏਨੀਆਂ ਗੱਲਾਂ ਆ ਜਾਂਦੀਆਂ ਨੇ। ਉਹਨਾਂ ਦੀ ਕੁੜੀ ਨੂੰ ਉਹ ਅੰਗਰੇਜ਼ੀ ਦੀਆਂ ਕਵਿਤਾਵਾਂ ਪੜ੍ਹਾਂਦਾ ਤੇ ਕੁੜੀ ਉਸ ਨਾਲ ਗਲਾਂ ਕਰਕੇ ਬੜੀ ਖੁਸ਼ ਹੁੰਦੀ। ਉਸ ਨੂੰ ਪਹਿਲਾਂ ਕਦੀ ਕੋਈ ਐਸਾ ਮੁੰਡਾ ਨਹੀਂ ਸੀ ਮਿਲਿਆ ਜਿਸ ਦੀਆਂ ਅੱਖਾਂ ਅਗੋਂ ਦੁਨੀਆਂ ਦਾ ਏਨਾ ਹਿੱਸਾ ਲੰਘਿਆ ਹੋਵੇ ਤੇ ਜੋ ਹਰ ਵਿਸ਼ੇ ਤੇ ਏਡੀਆਂ ਸਵਾਦਲੀਆਂ ਗਲਾਂ ਸੁਣਾ ਸਕਦਾ ਹੋਵੇ। ਉਹ ਘੰਟਿਆਂ ਬਧੀ ਇਕੋ ਨਜ਼ਮ ਤੇ ਹੀ ਲਗੇ ਰਹਿੰਦੇ।

ਜ਼ਰਾਇਤ ਦੇ ਮਹਿਕਮੇ ਵਲੋਂ ਫਰੂਟ ਸ਼ੋ ਵੇਖਣ ਦਾ ਸੱਦਾ

ਆਇਆ ਹੋਇਆ ਸੀ । "ਮੈਂ ਨਹੀਂ ਜਾ ਸਕਦੀ ।" ਉਸ ਦੀ ਮਾਂ ਨੇ ਕਿਹਾ, "ਤੁਸੀਂ ਦੋਵੇਂ ਕਾਰ ਵਿਚ ਚਲੇ ਜਾਵੋ ਤੇ ਭੋਲੀ ਨੂੰ ਵੀ ਨਾਲ ਲੈ ਜਾਓ ।" ਭੋਲੀ ਉਸ ਦੀ ਨਿਕੀ ਜਹੀ ਭੈਣ ਸੀ । ਪਹਿਲਾਂ ਕਾਰ ਵਿਚ ਉਹ ਬੈਠ ਗਿਆ ਤੇ ਫਿਰ ਉਹ ਕੁੜੀ ਜਦੋਂ ਭੋਲੀ ਕਾਰ ਦੇ ਬੂਹੇ ਅਗੇ ਆ ਕੇ ਖਲੋਤੀ ਤਾਂ ਉਸ ਕੁੜੀ ਨੇ ਬੈਠੀ ਬੈਠੀ ਉਸ ਨੂੰ ਚੁਕ ਕੇ ਆਪਣੇ ਤੇ ਉਸ ਦੇ ਵਿਚਕਾਰ ਰਖ ਦਿਤਾ, ਜਿਸ ਤਰ੍ਹਾਂ ਬਿਜਲੀ ਲਾਣ ਵਾਲੇ ਦੋ ਤਾਰਾਂ ਦੇ ਵਿਚਕਾਰ ਲਕੜ ਟਿਕਾ ਦਿੰਦੇ ਹਨ ।

* * *

ਮੁੰਡਿਆਂ ਕੁੜੀਆਂ ਦੇ ਸਾਂਝੇ ਕਾਲਜ ਵਿਚ ਪੜ੍ਹਦਿਆਂ ਉਸ ਦੀ ਸਿਆਸਤ ਵਿਚ ਦੂਸਰੇ ਮੁੰਡਿਆਂ ਨਾਲੋਂ ਵਧੇਰੇ ਦਿਲਚਸਪ ਸੀ। ਤੇ ਇਸ ਕੰਮ ਵਿਚ ਉਸ ਦੀ ਜਮਾਤ ਦੀ ਇਕ ਕੁੜੀ ਉਸ ਦੀ ਸਾਥਣ ਸੀ । ਲਾਹੌਰ ਵਰਗੀ ਥਾਂ ਤੇ ਸਿਆਸੀ ਰੁਝੇਵਿਆਂ ਦਾ ਕੁਝ ਘਾਟਾ ਨਹੀਂ ਸੀ । ਰੋਜ਼ ਹੀ ਉਸ ਕੁੜੀ ਨਾਲ ਕੋਈ ਨਾ ਕੋਈ ਸਲਾਹ ਕਰਨੀ ਹੁੰਦੀ, ਕਿਸੇ ਲੀਡਰ ਦਾ ਸਵਾਗਤ ਕਰਨ ਬਾਰੇ, ਕਿਸੇ ਜਲਸੇ ਤੇ ਆਪ ਜਾਣ ਤੇ ਹੋਰ ਮੁੰਡਿਆਂ ਨੂੰ ਪ੍ਰੇਰਨ ਬਾਰੇ, ਕਿਸੇ ਜਲੂਸ ਦੀ ਰੌਣਕ ਵਧਾਣ ਬਾਰੇ। ਉਹ ਕਾਲਜ ਇਕਠੇ ਫਿਰਦੇ, ਕਿਨਾ ਚਿਰ ਗਲਾਂ ਕਰਦੇ ਰਹਿੰਦੇ, ਲੀਡਰਾਂ ਦੀਆਂ ਤਕਰੀਰਾਂ ਬਾਰੇ, ਉਨ੍ਹਾਂ ਦੇ ਦੂਜੇ ਲੀਡਰਾਂ ਨਾਲ ਸਾਂਝੇ ਨੁਕਤਿਆਂ ਬਾਰੇ, ਉਨ੍ਹਾਂ ਦੀ ਪ੍ਰਾਈਵੇਟ ਜ਼ਿੰਦਗੀ ਬਾਰੇ, ਉਨ੍ਹਾਂ ਦੇ ਛਪੇ ਬਿਆਨਾਂ ਬਾਰੇ ਤੇ ਉਨ੍ਹਾਂ ਉੱਤੇ ਲਿਖੇ ਗਏ ਲੇਖਾਂ ਬਾਰੇ। ਜਦੋਂ ਉਹ ਉਸ ਨੂੰ ਨਾਲ ਲਈ ਕਾਲਜ ਦੀ ਲਾਇਬਰੇਰੀ ਵਿਚ ਜਾਂਦਾ ਤਾਂ ਸਾਰੇ ਮੁੰਡੇ ਅਖਬਾਰਾਂ ਰਸਾਲਿਆਂ ਤੋਂ ਅੱਖਾਂ ਚੁਕ ਕੇ ਚੋਰੀ ਚੋਰੀ ਉਨ੍ਹਾਂ ਵਲ ਵੇਖਦੇ।

ਬੈਡਮਿੰਟਨ ਦੀ ਦੌੜ ਪਿਛੋਂ ਕਾਲਜ ਦੀਆਂ ਗਰਾਉਂਡਾਂ ਦੀ

ਇਕ ਗੁਠੇ ਉਹ ਤੇ ਉਸ ਦਾ ਇਕ ਦੋਸਤ ਤੇ ਉਹ ਕੁੜੀ ਬੈਠੇ ਗਲਾਂ ਕਰ ਰਹੇ ਸਨ। ਉਹ ਆਪ ਘਟ ਬੋਲ ਰਿਹਾ ਸੀ। ਜਦੋਂ ਆਪ ਨੂੰ ਕਿਸੇ ਦੇ ਪਿਆਰ ਤੇ ਵਿਸ਼ਵਾਸ ਹੋਵੇ ਤਾਂ ਦੂਸਰਿਆਂ ਨੂੰ ਉਸ ਪਿਆਰ ਲਈ ਤਰਲੇ ਲੈ ਦਿਆਂ ਵੇਖਕੇ ਬੜਾ ਸਵਾਦ ਆਉਂਦਾ ਹੈ। ਖੇਡਣ ਕਰਕੇ ਉਨ੍ਹਾਂ ਨੂੰ ਤਰੇਹ ਲਗੀ ਹੋਈ ਸੀ। ਉਹ ਆਪ ਟਕ ਸ਼ਾਪ ਤੇ ਪਾਣੀ ਕਹਿਣ ਚਲਾ ਗਿਆ। ਗਰਾਉਂਡ ਦਵਾਲੇ ਦੀ ਵਾੜ ਉਹਲਿਓਂ ਜਦੋਂ ਉਹ ਉਨ੍ਹਾਂ ਕੋਲ ਵਾਪਸ ਆਇਆ ਤਾਂ ਉਹ ਮੁੰਡਾ ਕੁੜੀ ਇਕ ਦਮ ਚੁਪ ਕਰ ਗਏ। ਉਸ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਉਸ ਤੋਂ ਲੁਕਾਣ ਲਈ ਗੱਲ ਅਧ ਵਿਚ ਟੁਕ ਲਈ ਹੈ। ਅਧੀ ਕੁ ਗਲ ਉਸਨੂੰ ਹਵਾ ਵਿਚ ਲਟਕੀ ਹੋਈ ਦਿਸਦੀ ਪਈ ਸੀ।

* * *

ਉਸ ਦੇ ਇਕ ਪੱਕੇ ਦੋਸਤ ਦਾ ਵਿਆਹ ਹੋ ਗਿਆ ਸੀ। ਇਹੋ ਜਹੇ ਦੋਸਤ ਦੀ ਵਹੁਟੀ ਦੇ ਪਿਆਰ ਵਿਚ ਵੀ ਉਹ ਆਪਣਾ ਕੁਝ ਹਿੱਸਾ ਸਮਝਦਾ ਸੀ। ਪਿਆਰ ਵੰਡਿਆਂ ਕੋਈ ਘਟ ਥੋੜਾ ਜਾਂਦਾ ਹੈ। ਵਿਆਹ ਤੋਂ ਕਈ ਮਹੀਨੇ ਪਿਛੋਂ ਉਹ ਚਾਈਂ ਚਾਈਂ ਉਨ੍ਹਾਂ ਦੇ ਘਰ ਗਿਆ, ਆਓ ਭਗਤ ਉਮੀਦ ਤੋਂ ਵੀ ਵਧ ਸੀ। ਉਨ੍ਹਾਂ ਦੇ ਘਰ ਨੂੰ ਉਹ ਆਪਣਾ ਘਰ ਸਮਝਦਾ ਸੀ ਤੇ ਉਨ੍ਹਾਂ ਦੀਆਂ ਚੀਜ਼ਾਂ ਨੂੰ ਆਪਣੀਆਂ ਚੀਜ਼ਾਂ। ਕਿੰਨਾ ਚਿਰ ਉਹ ਆਪਣੇ ਦੋਸਤ ਦੀ ਵਹੁਟੀ ਨਾਲ ਗੱਲਾਂ ਕਰਦਾ ਰਿਹਾ, ਵਹੁਟੀ ਦੋਹਾਂ ਦੋਸਤਾਂ ਦੇ ਡੂੰਘੇ ਪਿਆਰ ਤੋਂ ਅਨਜਾਨ ਨਹੀਂ ਸੀ। ਇਸ ਤਰ੍ਹਾਂ ਜਾਪਦਾ ਸੀ ਜਿਸ ਤਰ੍ਹਾਂ ਉਸ ਨੇ ਆਪਣੇ ਦਿਲ ਵਿਚ ਆਪਣੇ ਪਤੀ ਦੇ ਦੋਸਤ ਲਈ ਵੇਹ ਸਾਰੀ ਥਾਂ ਬਣਾ ਦਿਤੀ ਹੈ। ਰਾਤ ਨੂੰ ਉਹ ਤਿੰਨੇ ਕੋਲ ਕੋਲ ਆਪਣੀਆਂ ਮੰਜੀਆਂ ਤੇ ਪਏ ਸਨ।

"ਸੁਨਾਓ ਕੁਝ ਯਾਰੀ ਦਾ ਮੁਢ ਬਝ ਗਿਆ ਹੈ ਕਿ ਨਹੀਂ ?"

ਉਸ ਦੇ ਦੋਸਤ ਨੇ ਮਖ਼ੌਲ ਨਾਲ ਪੁਛਿਆ।

"ਮੁਢ ਬੱਝ ਕੇ ਸਗੋਂ ਉਤੇ ਕੁਝ ਹੋਰ ਵਾਰ ਵੀ ਆ ਗਏ ਨੇ। ਇਨ੍ਹਾਂ ਮੈਨੂੰ ਇਕ ਬੜੇ ਪਿਆਰ ਦੀ ਗਲ ਆਖੀ ਹੈ।"

"ਕੀ ਗਲ ?"

"ਮੈਂ ਨਹੀਂ ਦਸਦਾ।"

"ਅੱਛਾ ਭਈ ਕਰੋ ਗੱਲਾਂ ਮੈਂ ਤੀਸਰੇ ਆਦਮੀ ਨੇ ਪੁਛ ਕੇ ਕੀ ਲੈਣਾ ਹੈ।" ਦੋਸਤ ਨੇ ਹੱਸ ਕੇ ਗੱਲ ਖਤਮ ਕੀਤੀ।

"ਤੀਸਰੇ ਆਦਮੀ ਇਹੀ ਹਨ।" ਉਸ ਦੀ ਵਹੁਟੀ ਨੇ ਫੈਸਲਾ ਦਿਤਾ ਤੇ ਪਿਆਰ ਨਾਲ ਆਪਣੇ ਪਤੀ ਦਾ ਹਥ ਚੁੰਮ ਲਿਆ।

*　　*　　*　　*

ਉਸ ਦੀ ਕੁੜੀ ਦਾ ਵਿਆਹ ਹੋ ਗਿਆ ਸੀ। ਪਰ ਇਸ ਦਾ ਕੀ ਹਰਜ ਸੀ। ਕੁੜੀਆਂ ਕੇਵਲ ਵਿਆਹੁਣ ਵਾਸਤੇ ਹੀ ਨਹੀਂ ਹੁੰਦੀਆਂ। ਕੁੜੀ ਤੇ ਅਜੇ ਵੀ ਉਸੇ ਦੀ ਹੀ ਸੀ। ਵਿਆਹ ਤੋਂ ਪਹਿਲਾਂ ਉਨ੍ਹਾਂ ਦਾ ਡਾਹਡਾ ਗੂੜ੍ਹ ਸੀ। ਜਦੋਂ ਦੋਹਾਂ ਨੂੰ ਇਕ ਦੂਜੇ ਦੀਆਂ ਸਾਰੀਆਂ ਗੱਲਾਂ ਦਾ ਪਤਾ ਹਵੇ, ਜਦੋਂ ਕੋਈ ਨਵੀਂ ਗੱਲ ਦੱਸਣ ਲਗਿਆਂ ਨਵੇਂ ਸਿਰੇ ਭੂਮਿਕਾ ਨ ਬੰਨ੍ਹਣੀ ਪਵੇ, ਜਿੰਨੀਆਂ ਜਾਨਾਂ ਇਕ ਦੇ ਦਿਲ ਦਿਮਾਗ ਵਿਚ ਵਸਦੀਆਂ ਹੋਣ ਉਨ੍ਹਾਂ ਸਾਰਿਆਂ ਦੀ ਜਾਣ ਪਛਾਣ ਦੂਜੇ ਨਾਲ ਕਰਾ ਲਈ ਹੋਵੇ, ਜਦੋਂ ਇਕ ਦੂਜੇ ਬਾਰੇ ਰਾਵਾਂ ਪਕੀਆਂ ਹੋ ਚੁਕੀਆਂ ਹੋਣ ਤੇ ਕਿਸੇ ਨਵੀਂ ਗਲ ਕਰਕੇ ਨਾ ਬਦਲ ਸਕਣ, ਜਦੋਂ ਆਪਣੀਆਂ ਕਮਜ਼ੋਰੀਆਂ ਦਾ ਬਿਆਨ ਵੀ ਦੂਜੇ ਦੇ ਹਿਰਦੇ ਵਿਚ ਠਾਠਾਂ ਮਾਰ ਰਹੇ ਹਮਦਰਦੀ ਦੇ ਸਮੁੰਦਰ ਵਿਚ ਡੁਬ ਜਾਂਦਾ ਹੋਵੇ, ਗਲ ਬਾਤ ਦਾ ਅਸਲੀ ਸਵਾਦ ਉਦੋਂ ਹੀ ਆਉਂਦਾ ਹੈ।

ਉਸ ਨੂੰ ਵਿਸ਼ਵਾਸ ਸੀ ਕਿ ਜੇ ਉਸ ਕੁੜੀ ਨੂੰ ਪਤਾ ਲਗ ਜਾਏ ਕਿ ਉਸ ਨੇ ਪੱਗ ਕਿਸ ਰੰਗ ਦੀ ਬਧੀ ਹੋਈ ਹੈ ਤਾਂ ਹੁਣ ਵੀ ਉਹ

ਆਪਣੀ ਚੁੰਨੀ ਉਸੇ ਰੰਗ ਦੀ ਰੰਗਾ ਲਵੇ, ਪਰ ਹੁਣ ਤੇ ਉਹ ਬੜੀ ਦੂਰ ਸੀ। ਕਦੀ ਕਦੀ ਚਿਠੀਆਂ ਆਉਂਦੀਆਂ, ਉਨ੍ਹਾਂ ਦੇ ਨਵੇਂ ਸ਼ਹਿਰ ਬਾਰੇ, ਉਥੋਂ ਦੀ ਧਰਤੀ ਤੇ ਲੋਕਾਂ ਬਾਰੇ, ਨਵੀਆਂ ਹੋਈਆਂ ਜਾਣਾਂ ਪਛਾਣਾਂ ਬਾਰੇ ਤੇ ਵਿਚ ਕਈ ਪੁਛਾਂ ਹੁੰਦੀਆਂ। ਉਹ ਹੁਣ ਵੀ ਅਚਕਣ ਪਾਉਂਦਾ ਸੀ ਕਿ ਨਹੀਂ। ਉਨ੍ਹਾਂ ਦੀ ਕੋਠੀ ਦੇ ਫੁਲ ਅਜੇ ਖਿੜੇ ਸਨ ਕਿ ਨਹੀਂ। ਉਨ੍ਹਾਂ ਦਾ ਘੋੜਾ ਅਜੇ ਵੀ ਲੰਙਾਂਦਾ ਸੀ ਜਾਂ ਲੰਙਾਣੋ ਹਟ ਗਿਆ ਸੀ।

ਤੇ ਫਿਰ ਇਕ ਚਿਠੀ ਆਈ। ਉਸ ਦੇ ਘਰ ਮੁੰਡਾ ਹੋਇਆ ਸੀ। ਉਸ ਨੂੰ ਅਫ਼ਸੋਸ ਸੀ ਕਿ ਉਸ ਨੂੰ ਆਪਣਾ ਮੁੰਡਾ ਵਿਖਾਣ ਅਜੇ ਛੇਤੀ ਨਹੀਂ ਆ ਸਕਦੀ ਸੀ ਪਰ ਮੁੰਡਾ ਬਹੁਤ ਸੋਹਣਾ ਸੀ।

ਰੁਚੀਆਂ ਤੋਂ ਮਜਬੂਰ ਉਹ ਹੁਣ ਵੀ ਉਸ ਦੀ ਮੂਰਤ ਅਖ਼ਾਂ ਅਗੇ ਲਿਆਉਂਦਾ ਪਰ ਹੁਣ ਜੋ ਮੂਰਤ ਉਸ ਨੂੰ ਦਿਸਦੀ ਉਸ ਦੇ ਕੁਛੜ ਮੁੰਡਾ ਹੁੰਦਾ। ਉਸ ਦਾ ਗੋਲ ਜਿਹਾ ਸਿਰ ਤੇ ਕੱਕੇ ਕੱਕੇ ਵਾਲ ਧੁਪ ਵਿਚ ਲਿਸ਼ਕ ਰਹੇ ਹੁੰਦੇ ਤੇ ਉਨ੍ਹਾਂ ਵਾਲਾਂ ਪਿਛੇ ਉਸ ਕੁੜੀ ਦਾ ਮੂੰਹ ਲੁਕ ਜਾਂਦਾ। ਹਜ਼ਾਰ ਕੋਸ਼ਸ਼ ਕਰਨ ਤੇ ਵੀ ਉਹ ਕੁੜੀ ਦਾ ਚਿਹਰਾ ਉਸ ਮੁੰਡੇ ਦੇ ਸਿਰ ਤੋਂ ਨਿਖੇੜ ਨਾ ਸਕਦਾ। ਅਖੀਰ ਖਿਝ ਕੇ ਉਹ ਉਸ ਕੀਮਤੀ ਤਸੱਵਰ ਨੂੰ ਖਿੰਡਾ ਦਿੰਦਾ।